# ਐਨੈਕਸ ਸੀ: ਇਮੀਗ੍ਰੇਸ਼ਨ ਰਿਮੂਵਲ ਸੈਂਟਰਾਂ (IRCs), ਰਿਹਾਇਸ਼ੀ ਸ਼ਾਰਟ-ਟਰਮ ਹੋਲਡਿੰਗ ਫੈਸਿਲੀਟੀਜ਼ (rSTHFs) ਅਤੇ ਐਸਕਾਰਟ ਅੰਦੋਲਨਾਂ ਦੌਰਾਨ ਮੁੱਦਿਆਂ ਬਾਰੇ ਸ਼ਿਕਾਇਤ ਕਿਵੇਂ ਕਰਨੀ ਹੈ

## ਜਾਣ-ਪਛਾਣ

ਕਿਰਪਾ ਕਰਕੇ ਨੱਥੀ ਸ਼ਿਕਾਇਤ ਫਾਰਮ ਨੂੰ ਭਰਨ ਤੋਂ ਪਹਿਲਾਂ ਇਹਨਾਂ ਗਾਈਡੈਂਸ ਨੋਟਸ (Guidance Notes) ਨੂੰ ਪੜ੍ਹੋ।

ਇਹ ਫਾਰਮ ਇਮੀਗ੍ਰੇਸ਼ਨ ਰਿਮੂਵਲ ਅਸਟੇਟ ਦੇ ਅੰਦਰ ਸ਼ਿਕਾਇਤਾਂ ਲਈ ਹੈ, ਜਿਸ ਵਿੱਚ ਐਸਕਾਰਟ ਅੰਦੋਲਨਾਂ ਦੇ ਦੌਰਾਨ ਵੀ ਸ਼ਾਮਲ ਹੈ। **ਹੋਮ ਆਫਿਸ ਦੀਆਂ ਸ਼ਿਕਾਇਤਾਂ ਪ੍ਰਬੰਧਨ ਪ੍ਰਕਿਰਿਆਵਾਂ (ਜਿਵੇਂ ਕਿ ਯੂ.ਕੇ. ਵੀਜ਼ਾ ਅਤੇ ਇਮੀਗ੍ਰੇਸ਼ਨ, ਇਮੀਗ੍ਰੇਸ਼ਨ ਇਨਫੋਰਸਮੈਂਟ, ਬਾਰਡਰ ਫੋਰਸ) ਦੀ ਵਿਆਖਿਆ ਕਰਨ ਵਾਲੀ ਵੱਖਰੀ ਮਾਰਗਦਰਸ਼ਨ ਇੱਥੇ ਲੱਭੀ ਜਾ ਸਕਦੀ ਹੈ:** https://www.gov.uk/government/publications/complaints-management- guidance-version-7.

**ਇਹ ਨੋਟਸ ਅਤੇ ਸ਼ਿਕਾਇਤ ਫਾਰਮ ਤੁਹਾਡੀ ਮਦਦ ਕਰਨ ਲਈ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹਨ,** ਪਰ ਜੇਕਰ ਤੁਹਾਡੀ ਸ਼ਿਕਾਇਤ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਲਿਖੀ ਗਈ ਹੈ, ਤਾਂ ਇਸਦਾ ਅਨੁਵਾਦ ਕਰਨ ਦੀ ਲੋੜ ਹੋਵੇਗੀ। ਇਸ ਦੇ ਨਤੀਜੇ ਵਜੋਂ ਸਾਨੂੰ ਤੁਹਾਨੂੰ ਜਵਾਬ ਦੇਣ ਵਿੱਚ ਜ਼ਿਆਦਾ ਸਮਾਂ ਲੱਗ ਸਕਦਾ ਹੈ।

ਤੁਹਾਡੀ ਸ਼ਿਕਾਇਤ ਦੀ ਜਾਂਚ ਕਰਨ ਲਈ, ਤੁਹਾਨੂੰ ਇੰਟਰਵਿਊ ਦੇਣ ਦੀ ਲੋੜ ਹੋ ਸਕਦੀ ਹੈ। ਜੇਕਰ ਤੁਸੀਂ ਇਸ ਬਾਰੇ ਚਿੰਤਤ ਹੋ, ਤਾਂ ਕਿਰਪਾ ਕਰਕੇ ਸਟਾਫ ਦੇ ਕਿਸੇ ਮੈਂਬਰ ਨਾਲ ਗੱਲ ਕਰੋ। ਜੇ ਤੁਸੀਂ ਕਿਸੇ ਜਾਂਚ ਵਿੱਚ ਸਹਾਇਤਾ ਜਾਂ ਸਹਿਯੋਗ ਨਹੀਂ ਕਰਦੇ ਹੋ ਤਾਂ ਤੁਹਾਡੀ ਸ਼ਿਕਾਇਤ 'ਤੇ ਵਿਚਾਰ ਕਰਨਾ ਸੰਭਵ ਨਹੀਂ ਹੋ ਸਕਦਾ ਹੈ।

ਨਜ਼ਰਬੰਦੀ ਦੌਰਾਨ ਸ਼ਿਕਾਇਤ ਕਰਨ ਨਾਲ ਤੁਹਾਡੇ ਇਲਾਜ 'ਤੇ, ਤੁਹਾਡੀ ਇਮੀਗ੍ਰੇਸ਼ਨ ਸਥਿਤੀ ਨਾਲ ਸਬੰਧਤ ਕਿਸੇ ਵੀ ਫੈਸਲੇ 'ਤੇ ਨਕਾਰਾਤਮਕ ਕੋਈ ਅਸਰ ਨਹੀਂ ਪਵੇਗਾ ਨਾ ਹੀ ਇਹ ਤੁਹਾਨੂੰ ਦਾਖਲਾ ਦੇਣ ਜਾਂ ਤੁਹਾਨੂੰ ਯੂਨਾਈਟਿਡ ਕਿੰਗਡਮ ਤੋਂ ਹਟਾਉਣ ਦੇ ਕਿਸੇ ਫੈਸਲੇ ਵਿੱਚ ਦੇਰੀ ਕਰੇਗਾ।

## ਸ਼ਿਕਾਇਤ ਕਦੋਂ ਕਰਨੀ ਹੈ

ਜਿਵੇਂ ਹੀ ਕੋਈ ਘਟਨਾ ਵਾਪਰਦੀ ਹੈ। ਇਹ ਤੁਹਾਡੀਆਂ ਚਿੰਤਾਵਾਂ ‘ਤੇ ਛੇਤੀ ਵਿਚਾਰ ਕਰਨ ਵਿੱਚ ਤੇਜ਼ੀ ਲਿਆਵੇਗਾ।

ਪਹਿਲਾਂ ਇਹ ਦੇਖਣ ਲਈ ਸਥਾਨਕ ਸਟਾਫ ਨਾਲ ਗੱਲ ਕਰੋ ਕਿ ਕੀ ਮਾਮਲਾ ਜਲਦੀ ਅਤੇ ਸਥਾਨਕ ਤੌਰ 'ਤੇ ਹੱਲ ਕੀਤਾ ਜਾ ਸਕਦਾ ਹੈ। ਤੁਹਾਡੀ ਸ਼ਿਕਾਇਤ ਦਾ ਰਿਕਾਰਡ ਅਜੇ ਵੀ ਲੌਗ (ਦਰਜ) ਕੀਤਾ ਜਾਵੇਗਾ। ਪਰ ਜੇਕਰ ਤੁਸੀਂ ਰਸਮੀ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਨੱਥੀ ਸ਼ਿਕਾਇਤ ਫਾਰਮ (ਪੰਨੇ 3 ਅਤੇ 4) ਦੀ ਵਰਤੋਂ ਕਰੋ।

**ਘਟਨਾ ਵਾਪਰਨ ਦੇ ਤਿੰਨ ਮਹੀਨਿਆਂ ਦੇ ਅੰਦਰ ਤੁਹਾਡੀ ਸ਼ਿਕਾਇਤ ਕੀਤੀ ਜਾਣੀ ਚਾਹੀਦੀ ਹੈ,** ਇਸ ਸਮੇਂ ਤੋਂ ਬਾਅਦ ਪ੍ਰਾਪਤ ਹੋਈਆਂ ਸ਼ਿਕਾਇਤਾਂ ਉਦੋਂ ਤੱਕ ਸਵੀਕਾਰ ਨਹੀਂ ਕੀਤੀਆਂ ਜਾ ਸਕਦੀਆਂ ਜਦੋਂ ਤੱਕ ਕਿ ਅਸਧਾਰਨ ਹਾਲਾਤ ਨਾ ਹੋਣ।

## ਇਸ ਫਾਰਮ ਦੀ ਵਰਤੋਂ ਕਦੋਂ ਕਰਨੀ ਹੈ

ਸੇਵਾਵਾਂ ਦੀ ਡਿਲਿਵਰੀ/ਉਪਲਬਧਤਾ, ਤੁਹਾਡੇ ਇਲਾਜ, ਸਟਾਫ਼ ਦੇ ਮੁੱਦਿਆਂ ਆਦਿ ਬਾਰੇ ਸ਼ਿਕਾਇਤਾਂ ਇਮੀਗ੍ਰੇਸ਼ਨ ਸਹੂਲਤਾਂ ਵਿੱਚ ਜਾਂ ਐਸਕਾਰਟ ਯਾਤਰਾ ਦੌਰਾਨ ਇਸ ਫਾਰਮ ਦੀ ਵਰਤੋਂ ਕਰਕੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਕੋਈ ਵੀ ਸ਼ਿਕਾਇਤ ਜੋ ਅਪਰਾਧਿਕ ਵਿਵਹਾਰ ਦਾ ਦੋਸ਼ ਲਾਉਂਦੀ ਹੈ, ਨੂੰ ਪੁਲਿਸ ਕੋਲ ਭੇਜਿਆ ਜਾਵੇਗਾ।

ਇਹ ਤੁਹਾਡੀ ਮਰਜ਼ੀ ਹੈ ਜੇਕਰ ਤੁਸੀਂ ਖੁਦ ਪੁਲਿਸ ਨਾਲ ਗੱਲ ਕਰਨਾ ਚਾਹੁੰਦੇ ਹੋ ਅਤੇ ਸਥਾਨਕ ਸਟਾਫ ਅਜਿਹਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਜੇਕਰ ਤੁਸੀਂ ਖੁਦ ਪੁਲਿਸ ਨਾਲ ਸੰਪਰਕ ਕਰਨਾ ਚਾਹੁੰਦੇ ਹੋ, ਤੁਹਾਨੂੰ ਉਸ ਭੂਗੋਲਿਕ ਸਥਿਤੀ ਲਈ ਜ਼ਿੰਮੇਵਾਰ ਪੁਲਿਸ ਫੋਰਸ ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ ਜਿੱਥੇ ਘਟਨਾ ਵਾਪਰੀ ਸੀ। ਇੰਡੀਪੈਂਡੈਂਟ ਆਫਿਸ ਫੌਰ ਪੁਲਿਸ ਕੰਡਕਟ (IOPC) ਦੀ ਵੈੱਬਸਾਈਟ ਇਸ ਬਾਰੇ ਲਾਭਦਾਇਕ ਜਾਣਕਾਰੀ ਪ੍ਰਦਾਨ ਕਰਦੀ ਹੈ ਕਿ ਸ਼ਿਕਾਇਤਾਂ ਕਿਵੇਂ ਕੀਤੀਆਂ ਅਤੇ ਵਿਚਾਰੀਆਂ ਜਾਂਦੀਆਂ ਹਨ: www.policeconduct.gov.uk/complaints/submit-a-complaint

## ਸ਼ਿਕਾਇਤ ਦਰਜ ਕਰਨਾ


ਸ਼ਿਕਾਇਤ ਕਰਦੇ ਸਮੇਂ ਕਿਰਪਾ ਕਰਕੇ ਜੋ ਹੋਇਆ ਉਸ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਦਾਨ ਕਰੋ। ਇਸ ਵਿੱਚ ਮਿਤੀਆਂ/ਸਮਾਂ, ਸਥਾਨ, ਮੌਜੂਦ ਲੋਕਾਂ ਦੇ ਨਾਮ ਆਦਿ ਸ਼ਾਮਲ ਹੋਣੇ ਚਾਹੀਦੇ ਹਨ, ਜਿੱਥੇ ਪਤਾ ਹੋਵੇ। ਜੇਕਰ ਹੋਰ ਜਾਣਕਾਰੀ ਦੀ ਲੋੜ ਹੈ ਤਾਂ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ।

**ਜਦੋਂ ਤੁਸੀਂ ਫਾਰਮ ਨੂੰ ਪੂਰਾ ਕਰ ਲੈਂਦੇ ਹੋ, ਤਾਂ ਕਿਰਪਾ ਕਰਕੇ ਸਫ਼ੇ 3 ਅਤੇ 4 'ਤੇ ਦਸਤਖਤ ਕਰੋ ਅਤੇ ਮਿਤੀ ਪਾਓ**, ਆਪਣੀ ਜਾਣਕਾਰੀ ਲਈ ਪੰਨਾ 1 ਅਤੇ 2 ਰੱਖੋ, ਅਤੇ ਫਾਰਮ ਨੂੰ ਪੀਲੇ ਰੰਗ ਦੇ 'ਇਮੀਗ੍ਰੇਸ਼ਨ ਇਨਫੋਰਸਮੈਂਟ ਕੰਪਲੇਂਟਸ' (Immigration Enforcement Complaints) ਬਕਸੇ ਵਿੱਚੋਂ ਇੱਕ ਵਿੱਚ ਪੋਸਟ ਕਰੋ।

ਇਹ ਬਕਸੇ ਸਾਰੇ IRCs, STHFs ਅਤੇ ਹੋਲਡਿੰਗ ਰੂਮਾਂ ਵਿੱਚ ਸਥਿਤ ਹਨ ਅਤੇ ਹਰ ਰੋਜ਼ ਚੈੱਕ ਕੀਤੇ ਜਾਂਦੇ ਹਨ। ਐਸਕੋਰਟ ਯਾਤਰਾ ਦੌਰਾਨ ਭਰੇ ਗਏ ਫਾਰਮ ਸਟਾਫ ਦੇ ਇੱਕ ਮੈਂਬਰ ਨੂੰ ਦਿੱਤੇ ਜਾਣੇ ਚਾਹੀਦੇ ਹਨ ਜੋ ਉਹਨਾਂ ਨੂੰ ਹੋਮ ਆਫਿਸ ਨੂੰ ਭੇਜ ਦੇਵੇਗਾ।

**ਤੁਸੀਂ ਫਾਰਮ ਨੂੰ ਸਿੱਧੇ ਤੌਰ 'ਤੇ ਵੀ ਭੇਜ ਸਕਦੇ ਹੋ:** DetentionServicesComplaints@homeoffice.gov.uk

## ਅੱਗੇ ਕੀ ਹੁੰਦਾ ਹੈ?




**ਜੇਕਰ ਤੁਸੀਂ ਜਾਂਚ ਦੇ ਨਤੀਜਿਆਂ ਤੋਂ ਅਸੰਤੁਸ਼ਟ ਰਹਿੰਦੇ ਹੋ** ਤੁਹਾਡੇ ਕੋਲ ਸ਼ਿਕਾਇਤ ਦੇ ਨਤੀਜੇ ਦੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਸ਼ਿਕਾਇਤਾਂ ਦੇ ਸੁਤੰਤਰ ਜਾਂਚਕਰਤਾ (IEC) ਨੂੰ ਆਪਣੀ ਸ਼ਿਕਾਇਤ ਭੇਜਣ ਦਾ ਵਿਕਲਪ ਹੈ; ਪੂਰਾ ਵੇਰਵਾ ਅੰਤਿਮ ਜਵਾਬ ਪੱਤਰ ਵਿੱਚ ਦਿੱਤਾ ਜਾਵੇਗਾ।

**ਵਿਕਲਪਕ ਤੌਰ 'ਤੇ, ਜੇਕਰ ਤੁਸੀਂ ਦਿੱਤੇ ਗਏ ਜਵਾਬਾਂ ਤੋਂ ਸੰਤੁਸ਼ਟ ਨਹੀਂ ਹੋ ਜਾਂ ਮਾਮਲਾ ਗੰਭੀਰ ਦੁਰਵਿਹਾਰ ਨਾਲ ਸਬੰਧਤ ਹੈ** ਤੁਹਾਨੂੰ ਆਪਣੀ ਸ਼ਿਕਾਇਤ ਪ੍ਰਿਜ਼ਨਜ਼ ਐਂਡ ਪ੍ਰੋਬੇਸ਼ਨ ਓਮਬਡਸਮੈਨ (Prison and Probation Ombudsman)(PPO) ਕੋਲ ਭੇਜਣ ਦਾ ਅਧਿਕਾਰ ਹੈ, ਜੋ ਹੋਮ ਆਫਿਸ ਤੋਂ ਸੁਤੰਤਰ ਹਨ। ਅੰਤਮ ਜਵਾਬ ਦੇ ਨਾਲ ਤੁਹਾਨੂੰ PPO ਲੀਫਲੈਟ 'How To Complain To The Ombudsman' (ਲੋਕਪਾਲ ਨੂੰ ਸ਼ਿਕਾਇਤ ਕਿਵੇਂ ਕਰਨੀ ਹੈ) ਦੀ ਕਾਪੀ ਪ੍ਰਦਾਨ ਕੀਤੀ ਜਾਵੇਗੀ।

ਨਾ ਤਾਂ IEC ਨਾਂ ਹੀ PPO ਤੁਹਾਡੀ ਇਮੀਗ੍ਰੇਸ਼ਨ ਸਥਿਤੀ, ਤੁਹਾਨੂੰ ਨਜ਼ਰਬੰਦ ਕਰਨ ਦੇ ਫੈਸਲੇ ਜਾਂ ਤੁਹਾਨੂੰ ਯੂਨਾਈਟਿਡ ਕਿੰਗਡਮ ਤੋਂ ਹਟਾਉਣ ਦੇ ਕਿਸੇ ਫੈਸਲੇ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਕਰ ਸਕਦਾ ਹੈ। ਅੰਤਮ ਜਵਾਬ ਪੱਤਰ ਜਾਰੀ ਹੋਣ ਤੋਂ ਬਾਅਦ ਉਹ ਆਮ ਤੌਰ 'ਤੇ ਜਾਂਚ ਨੂੰ ਅੱਗੇ ਵਧਾਉਣਗੇ।

**ਕਿਰਪਾ ਕਰਕੇ ਜਾਣਕਾਰੀ ਲਈ ਇਸ ਫਾਰਮ ਦੇ ਪੰਨੇ 1 ਅਤੇ 2 ਆਪ ਰੱਖੋ ਅਤੇ**

| | |
|---|---|
| **ਪਰਿਵਾਰ ਦਾ ਨਾਮ/ਗੋਤ:** | **ਪਹਿਲਾ ਨਾਮ(ਨਾਵਾਂ):** |
| **ਜਨਮ ਮਿਤੀ (dd/mm/yy):** | **ਕੌਮੀਅਤ:** |
| **ਕੰਪਲਾਂਇਸ ਐਂਡ ਇੰਨਫੋਰਸਮੈਂਟ ਪਰਸਨ ਰੈਫਰੰਸ (CEPR):** | **ਹੋਮ ਆਫਿਸ ਰੈਫਰੈਂਸ ਨੰਬਰ:** |
| **ਸੰਪਰਕ ਵੇਰਵੇ:** ਜੇਕਰ ਤੁਸੀਂ ਜਵਾਬ ਪ੍ਰਾਪਤ ਕਰਨ ਤੋਂ ਪਹਿਲਾਂ ਨਜ਼ਰਬੰਦੀ ਛੱਡ ਦਿੰਦੇ ਹੋ, ਕਿਰਪਾ ਕਰਕੇ ਇੱਕ ਟੈਲੀਫੋਨ ਨੰਬਰ ਅਤੇ ਇੱਕ ਈਮੇਲ ਪਤਾ ਪ੍ਰਦਾਨ ਕਰੋ, ਤਾਂ ਜੋ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕੇ: | |
| **ਟੈਲੀਫੋਨ ਨੰਬਰ:** | **ਈਮੇਲ**: |

**ਮੌਜੂਦਾ ਟਿਕਾਣਾ (IRC, STHF ਜਾਂ ਹੋਰ ਨਾਮ)**

| | | | | | | | |
|---|---|---|---|---|---|---|---|
| ਬਰੂਕ ਹਾਊਸ IRC | | ਕੈਂਪਸਫੀਲਡ IRC | | ਕੋਲਨਬਰੂਕ IRC | | ਡਰਵੇਂਟਸਾਈਡ IRC | |
| ਡਨਗੇਵਲ ਹਾਊਸ IRC | | ਹਾਰਮੰਡਸਵਰਥ IRC | | ਹਸਲਰ IRC | | ਟਿੰਸਲੇ Hse IRC | |
| ਯਾਰਲ ਦੀ ਵੁੱਡ IRC | | ਲਾਰਨ ਹਾਊਸ STHF | | ਮਾਨਚੈਸਟਰ STHF | | ਸਵਿੰਡਰਬੀ STHF | |
| ਐਸਕੋਰਟ 'ਤੇ | | ਹੋਲਡਿੰਗ ਰੂਮ | | | | | |

**ਉਹ ਸਥਾਨ ਜਿੱਥੇ ਘਟਨਾ ਵਾਪਰੀ ਜਿਸ ਬਾਰੇ ਤੁਸੀਂ ਸ਼ਿਕਾਇਤ ਕਰ ਰਹੇ ਹੋ**

| | | | | | | | |
|---|---|---|---|---|---|---|---|
| ਬਰੂਕ ਹਾਊਸ IRC | | ਕੈਂਪਸਫੀਲਡ IRC | | ਕੋਲਨਬਰੂਕ IRC | | ਡਰਵੇਂਟਸਾਈਡ IRC | |
| ਡਨਗੇਵਲ ਹਾਊਸ IRC | | ਹਾਰਮੰਡਸਵਰਥ IRC | | ਹਸਲਰ IRC | | ਟਿੰਸਲੇ Hse IRC | |
| ਯਾਰਲ ਦੀ ਵੁੱਡ IRC | | ਲਾਰਨ ਹਾਊਸ STHF | | ਮਾਨਚੈਸਟਰ STHF | | ਸਵਿੰਡਰਬੀ STHF | |
| ਐਸਕਾਰਟ 'ਤੇ | | ਹੋਲਡਿੰਗ ਰੂਮ | | | | | |

| | ਹਾਂ | ਨਹੀਂ |
|---|---|---|
| ਕੀ ਇਹ ਸਿਹਤ ਸੰਭਾਲ ਸੇਵਾਵਾਂ ਜਾਂ ਉਹਨਾਂ ਦੇ ਸਟਾਫ਼ ਬਾਰੇ ਸ਼ਿਕਾਇਤ ਹੈ? | | |
| ਜੇਕਰ ਤੁਹਾਡੀ ਸ਼ਿਕਾਇਤ ਕਿਸੇ ਘਟਨਾ ਬਾਰੇ ਹੈ ਜਿਸ ਵਿੱਚ ਤੁਸੀਂ ਜ਼ਖਮੀ ਹੋਏ ਹੋ, ਪ੍ਰੋਫੈਸ਼ਨਲ ਸਟੈਂਡਰਡ ਯੂਨਿਟ ਦੇ ਇਨਵੈਸਟੀਗੇਟਿੰਗ ਅਤੇ ਹੋਮ ਆਫਿਸ ਦੇ ਅਸਿਸਟੈਂਟ ਇਨਵੈਸਟੀਗੇਟਿੰਗ ਅਫਸਰਾਂ ਸਮੇਤ ਤਫਤੀਸ਼ੀ ਸਟਾਫ, ਤੁਹਾਡੇ ਮੈਡੀਕਲ ਰਿਕਾਰਡਾਂ ਦੀ ਜਾਂਚ ਕਰਨ ਦੀ ਇੱਛਾ ਰੱਖ ਸਕਦੇ ਹਨ। ਕੀ ਤੁਸੀਂ ਇਸ ਉਦੇਸ਼ ਲਈ ਆਪਣੇ ਮੈਡੀਕਲ ਰਿਕਾਰਡਾਂ ਨੂੰ ਸਾਂਝਾ ਕਰਨ ਦੀ ਇਜਾਜ਼ਤ ਦਿੰਦੇ ਹੋ? | | |
| ਕੀ ਤੁਹਾਡੀ ਸ਼ਿਕਾਇਤ ਕੰਡਕਟ ਔਫ਼ ਸੈਂਟਰ, ਐਸਕਾਰਟਿੰਗ ਜਾਂ ਹੋਮ ਆਫਿਸ ਸਟਾਫ ਦੇ ਵਿਹਾਰ ਬਾਰੇ ਹੈ? | | |

تہاڈی شکایت انڈیپینڈنٹ مانیٹرنگ بورڈ (آئی ایم بی) نال سانجھی کیتی جاوے گی، جیہڑا ہوم آفس وانگوں، ایس معلومات نوں "پبلک ٹاسک" دی قانونی بنیاد دے تحت پروسیس کردا اے۔ جے تہاڈی شکایت وچ سپیشل کیٹیگری ڈیٹا شامل اے، تے ایہنوں ڈیٹا پروٹیکشن دے قانون وچ متعلقہ "سبسٹینشل پبلک انٹرسٹ" دیاں شرطاں دے تحت پروسیس کیتا جاوے گا۔ ایہدا مطلب اے کہ ہوم آفس تے آئی ایم بی تہاڈی معلومات نوں اپنی سرکاری ذمہ داریاں پوریاں کرن لئی ورتدے نیں۔ جے تہاڈی شکایت وچ حساس معلومات شامل نیں، جیویں کہ صحت یا طبی معلومات، تے ایہنوں حفاظت نال سنبھالیا جاوے گا تے صرف اوتھے ورتیا جاوے گا جتھے قانون اہم عوامی مفاد دیاں وجہاں کر کے ایہدی اجازت دیندا اے۔

| |
|---|
| |

| | |
|---|---|
| ਕਿਰਪਾ ਕਰਕੇ ਤੁਹਾਡੀ ਸ਼ਿਕਾਇਤ ਦੀ ਜਾਂਚ ਵਿੱਚ ਮਦਦ ਕਰਨ ਲਈ ਵੱਧ ਤੋਂ ਵੱਧ ਜਾਣਕਾਰੀ ਪ੍ਰਦਾਨ ਕਰੋ। ਇਸ ਵਿੱਚ ਸ਼ਾਮਲ ਪਾਰਟੀਆਂ ਦੇ ਨਾਮ, ਸਮਾਂ, ਵਿਸਤ੍ਰਿਤ ਸਥਾਨ ਆਦਿ ਵਰਗੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ। | |
| **ਘਟਨਾ ਦੀ ਮਿਤੀ (dd/mm/yy)**: | |
| **ਤੁਹਾਡੀ ਸ਼ਿਕਾਇਤ ਦਾ ਵੇਰਵਾ:** | |
| **ਦਸਤਖਤ:** | **ਮਿਤੀ 'ਤੇ ਸ਼ਿਕਾਇਤ ਉਠਾਈ ਗਈ:** |

**ਕਿਰਪਾ ਕਰਕੇ ਹੁਣੇ ਆਪਣੇ ਪੂਰੇ ਕੀਤੇ ਫਾਰਮ ਦੇ ਪੰਨੇ 3 ਅਤੇ 4 ਨੂੰ ਪੀਲੇ ਹੋਮ ਆਫਿਸ ਇਮੀਗ੍ਰੇਸ਼ਨ ਇਨਫੋਰਸਮੈਂਟ ਸ਼ਿਕਾਇਤ ਬਾਕਸ ਵਿੱਚ ਪੋਸਟ ਕਰੋ**